# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ, ਐਸ.ਏ.ਐਸ. ਨਗਰ।

(ਅਮਲਾ-2 ਸ਼ਾਖਾ)

ਹੁਕਮ ਨੰਬਰ:-2/37-2017 ਅਮਲਾ-2(6)/7654-ਹਿੰਦੀ

ਮਿਤੀ : 03-08-2018

1.0 ਮਿਤੀ 23-09-2009 ਨੂੰ ਜਾਰੀ ਵਿਗਿਆਪਨ ਰਾਹੀਂ ਯੋਗ ਬਿਨੈਕਾਰਾਂ ਤੋ ਸਕੂਲ ਸਿੱਖਿਆ ਵਿਭਾਗ ਪੰਜਾਬ ਵਿੱਚ ਟੀਚਿੰਗ ਅਤੇ ਨਾਨ-ਟੀਚਿੰਗ ਅਮਲੇ ਦੀਆਂ ਅਸਾਮੀਆਂ ਲਈ ਠੇਕੇ ਤੇ ਆਧਾਰਿਤ ਨਿਯੁੱਕਤੀ ਲਈ 5400/-ਰੁਪਏ ਪ੍ਰਤੀ ਮਹੀਨਾ ਯਕਮੁਸਤ ਤਨਖਾਹ ਤੇ ਬਿਨੈਪੱਤਰ ਮੰਗੇ ਗਏ ਸੀ। ਸਾਲ 2014 ਵਿੱਚ ਮਾਨਯੋਗ ਹਾਈ ਕੋਰਟ ਵੱਲੋਂ ਕੀਤੇ ਹੁਕਮਾਂ ਦੇ ਸੰਨਮੁੱਖ ਹਿੰਦੀ ਜਨਰਲ ਵਰਗ 7654 ਪੋਸਟਾਂ ਦਾ ਰਿਜਲਟ ਰਿਵਾਇਜਡ ਕੀਤਾ ਗਿਆ ਸੀ, ਇਸ ਅਨੁਸਾਰ ਰਿਜਲਟ ਰਿਵਾਇਜਡ ਹੋਣ ਉਪਰੰਤ 22 ਨਵੇਂ ਉਮੀਦਵਾਰ ਸਿਲੈਕਸ਼ਨ ਜੋਨ ਵਿੱਚ ਆਏ ਸਨ। ਇਨ੍ਹਾਂ 22 ਨਵੇਂ ਉਮੀਦਵਾਰਾਂ ਨੂੰ ਨਵੰਬਰ 2014 ਵਿੱਚ ਨਿਯੁਕਤੀ ਪੱਤਰ ਦਿੱਤੇ ਗਏ ਸਨ। ਵਿਗਿਆਪਨ ਵਿੱਚ ਦਰਜ ਸ਼ਰਤ ਅਨੁਸਾਰ ਸਾਢੇ ਤਿੰਨ ਸਾਲ ਬਾਅਦ ਉਮੀਦਵਾਰ ਦਾ ਕੰਮ ਅਤੇ ਆਚਰਣ ਤਸਲੀਬਖਸ਼ ਹੋਣ ਦੀ ਸੂਰਤ ਵਿਚ ਰੈਗੂਲਰ ਨਿਯੁੱਕਤੀ ਲਈ ਵਿਚਾਰਿਆ ਜਾਣ ਦਾ ਉਪਬੰਧ ਸੀ।

2.0 ਉਕਤ ਅਨੁਸਾਰ ਹੇਠ ਲਿਖੇ 21 ਕਰਮਚਾਰੀਆਂ/ਕਰਮਚਾਰਨਾਂ ਦੀਆਂ ਸੇਵਾਵਾਂ ਬਤੌਰ ਹਿੰਦੀ ਮਾਸਟਰ/ਮਿਸਟ੍ਰੈਸ ਗਰੇਡ ਪੇ ਬੈਂਡ 10300-34800+ ਗ੍ਰੇਡ ਪੇ 5000, (ਜਮਾਂ ਪੰਜਾਬ ਸਰਕਾਰ ਵੱਲੋ ਮਿਲਣ ਯੋਗ ਭਤਿਆਂ ਸਹਿਤ) ਨਿਮਨ ਲਿਖਤ ਸ਼ਰਤਾਂ ਦੇ ਤਹਿਤ ਉਨ੍ਹਾਂ ਦੀ ਹਾਜਰੀ ਦੀ ਮਿਤੀ ਤੋਂ ਤਿੰਨ ਸਾਲ ਦਾ ਸਮਾਂ ਪੂਰਾ ਹੋਣ ਦੀ ਮਿਤੀ ਤੋਂ ਰੈਗੂਲਰਾਈਜ ਕੀਤੀਆਂ ਜਾਂਦੀਆਂ ਹਨ:-

| ਲੜੀ ਨੰ: | ਰਜਿ:ਨੰ: | ਨਾਮ | ਪਿਤਾ ਦਾ ਨਾਮ | ਹਾਜ਼ਰ ਹੋਣ ਮਿਤੀ | ਸਕੂਲ ਦਾ ਨਾਂ | ਜਿਲ੍ਹਾ |
|---|---|---|---|---|---|---|
| 1 | 20098319 | ਵਨੀਤਾ ਰਾਣੀ | ਸੁਭਾਸ ਚੰਦਰ | 21.11.2014 | ਸ.ਸ.ਸ.ਸ। (ਕੰ) ਗੁਰੂ ਹਰਸਰਾਏ | ਫਿਰੋਜ਼ਪੁਰ |
| 2 | 20072737 | ਨਿਧੀ ਸੁਖੀਜਾ | ਕ੍ਰਿਸ਼ਨ ਲਾਲ | 25.11.2014 | ਸ.ਮਿ.ਸ. ਹਸਨ ਢੁੱਟ ਕੰਪ. ਸ.ਸ.ਸ.ਸ. ਖਾਈ ਫੇਮੇ ਕੀ | ਫਿਰੋਜ਼ਪੁਰ |
| 3 | 20100876 | ਬਬੀਤਾ ਦੇਵੀ | ਸੁਖਦੇਵ ਸਿੰਘ | 20.11.2014 | ਸ.ਮਿ.ਸ. ਅਮਰਕੋਟ, ਕੰਪ. ਸ.ਸ.ਸ.ਸ. ਟਿੱਬਾ | ਕਪੂਰਥਲਾ |
| 4 | 20070972 | ਮੁੱਕਤਾ ਤ੍ਰਿਪਾਠੀ | ਦਰਸ਼ਨ ਕੁਮਾਰ ਤ੍ਰਿਪਾਠੀ | 19.11.2014 | ਸ.ਸ.ਸ.ਸ. ਭੰਗੂੜੀ | ਪਠਾਨਕੋਟ |
| 5 | 20045586 | ਪੂਜਾ ਧੂਰੀਆ | ਸੁਭਾਸ਼ ਚੰਦਰ | 25.11.2014 | ਸ.ਸ.ਸ.ਸ. ਬਾਦਲ | ਸ੍ਰੀ ਮੁਕਤਸਰ ਸਾਹਿਬ |
| 6 | 20043907 | ਲਿਪਿਕਾ | ਦਰਸ਼ਨ ਕੁਮਾਰ | 26.11.2014 | ਸ.ਮਿ.ਸ. ਸੰਤੋਖਪੁਰ, ਕੰਪ. ਸ.ਸ.ਸ.ਸ. ਘਾਬਦਾ | ਸੰਗਰੂਰ |
| 7 | 20027174 | ਬਲਦੇਵ ਸਿੰਘ | ਚਰਨ ਸਿੰਘ | 13.11.2014 | ਸ.ਮਿ.ਸ. ਗਿੱਲ ਕੰਪ ਸ.ਸ.ਸ.ਸ. (ਕੰ) ਬਾਘਾ ਪੁਰਾਣਾ | ਮੋਗਾ |
| 8 | 20071070 | ਸੁਨੀਤਾ ਰਾਣੀ | ਚੰਦਰ ਭਾਨ | 19.11.2014 | ਸ.ਸ.ਸ.ਸ. ਕੁਲਾਰਾ | ਪਟਿਆਲਾ |
| 9 | 20019143 | ਰਜਨੀ ਗੁਪਤਾ | ਰੋਸ਼ਨ ਲਾਲ | 21.11.2014 | ਸ.ਹ.ਸ. ਮੱਲੂ ਵਾਲੀਏ ਵਾਲਾ | ਫਿਰੋਜ਼ਪੁਰ |
| 10 | 20072009 | ਜੋਤੀ ਛਾਬੜਾ | ਰਾਜ ਕੁਮਾਰ ਛਾਬੜਾ | 14.11.2014 | ਸ.ਸ.ਸ.ਸ. ਅਕਲੀਆਂ ਕਲਾਂ | ਬਠਿੰਡਾ |
| 11 | 20044803 | ਸਰਬਜੀਤ ਕੌਰ | ਸੰਪੂਰਨ ਸਿੰਘ | 14.11.2014 | ਸ.ਸ.ਸ.ਸ. ਗਹਿਰੀ ਮੰਡੀ | ਅੰਮ੍ਰਿਤਸਰ |
| 12 | 20082677 | ਰਮੇਸ਼ ਕੁਮਾਰੀ | ਦਰਸ਼ਨ ਲਾਲ | 18.11.2014 | ਸ.ਹ.ਸ. ਕੋਠੇ ਨੱਥਾ ਸਿੰਘ | ਬਠਿੰਡਾ |
| 13 | 20025489 | ਗੁਰਵਿੰਦਰ ਕੌਰ | ਜ਼ਗੀਰ ਸਿੰਘ | 14.11.2014 | ਸ.ਹ.ਸ. ਭੜਾਣਾ | ਫਿਰੋਜਪੁਰ |
| 14 | 20049420 | ਮਮਤਾ | ਰਮੇਸ਼ ਕੁਮਾਰ | 13.11.2014 | ਸ.ਹ.ਸ. ਨੱਗਲ ਸਲੇਮਪੁਰ | ਸ.ਅ.ਸ. ਨਗਰ |
| 15 | 20086098 | ਮੀਤੂ | ਸੁਭਾਸ਼ ਚੰਦਰ | 19.11.2014 | ਸ.ਸ.ਸ.ਸ. ਕਰੀਆਂ ਪਹਿਲਵਾਨ | ਫਿਰੋਜਪੁਰ |
| 16 | 20041718 | ਰਮਨਦੀਪ ਕੌਰ | ਦਵਿੰਦਰ ਪਾਲ ਸਿੰਘ | 19.11.2014 | ਸ.ਸ.ਸ.ਸ. ਕੱਸੋਆਣਾ | ਫਿਰੋਜਪੁਰ |
| 17 | 20020420 | ਨਿਧੀ ਮੋਂਗਾ | ਅਸ਼ੋਕ ਮੋਂਗਾ | 26.11.2014 | ਸ.ਹ.ਸ. ਘੱਗਾ | ਸ੍ਰੀ ਮੁਕਤਸਰ ਸਾਹਿਬ |
| 18 | 20034820 | ਸੀਤਲ ਸ਼ਰਮਾ | ਸੁਰਿੰਦਰ ਕੁਮਾਰ | 20.11.2014 | ਸ.ਸ.ਸ.ਸ. ਮਾੜੀ ਬੁਚਿਆਂ | ਗੁਰਦਾਸਪੁਰ |
| 19 | 20048837 | ਸਾਰਿਕਾ ਗੁਪਤਾ | ਦਰਸ਼ਨ ਕੁਮਾਰ | 14.11.2014 | ਸ.ਹ. ਸ. ਭਿੰਡਰਾਂ | ਸੰਗਰੂਰ |
| 20 | 20074092 | ਸ਼ੀਖਾ ਗੋਇਲ | ਓਮ ਪ੍ਰਕਾਸ਼ ਗੋਇਲ | 19.11.2014 | ਸ.ਹ.ਸ. ਢਪਈ | ਫਰੀਦਕੋਟ |
| 21 | 20018535 | ਜੋਤੀ ਬਾਲਾ | ਦਰਸ਼ਨ ਲਾਲ ਨਾਰੰਗ | 01.12.2014 | ਸ.ਮਿ.ਸ. ਡੋਡ ਕੰਪ ਸ.ਹ.ਸ. ਮੁਮਾਰਾ | ਫਰੀਦਕੋਟ |

ਸ਼ਰਤਾਂ:-

1 ਕਰਮਚਾਰੀ/ਕਰਮਚਾਰਨ ਦੇ ਖਿਲਾਫ ਕੋਈ ਪੁਲਿਸ ਤਫਤੀਸ/ਵਿਜੀਲੈਂਸ ਪੜਤਾਲ ਜਾਂ ਵਿਭਾਗੀ ਪੜਤਾਲ ਨਾ ਚੱਲ ਰਹੀ ਹੋਵੇ। ਇਸ ਸਬੰਧੀ ਪ੍ਰਾਰਥੀ ਵਲੋ ਸਵੈ-ਘੋਸ਼ਨਾ ਪੱਤਰ (Self Declaration) ਦਿੱਤਾ ਜਾਵੇਗਾ।

2 ਕਰਮਚਾਰੀ/ਕਰਮਚਾਰਨ ਭਾਰਤ ਦੇ ਸੰਵਿਧਾਨ ਪ੍ਰਤੀ ਵਚਨਬੱਧ ਰਹਿਣ ਦੀ ਸਹੁੰ ਚੁੱਕਣ ਸਬੰਧੀ ਹਲਫਨਾਮਾ ਦੇਵੇਗਾ/ਦੇਵੇਗੀ।

3 ਕਰਮਚਾਰੀ/ਕਰਮਚਾਰਨ ਜਿਲੇ ਦੇ ਸਬੰਧਤ ਸਿਵਲ ਸਰਜਨ ਵੱਲੋਂ ਫਿਟਨੈਸ ਸਰਟੀਫਿਕੇਟ ਪੇਸ਼ ਕਰੇਗਾ/ਕਰੇਗੀ।

4 ਕਰਮਚਾਰੀ/ਕਰਮਚਾਰਨ ਦੇ ਚਾਲ ਚਲਣ ਸਬੰਧੀ ਤਸਦੀਕ ਸਬੰਧਤ ਜਿਲ੍ਹਾ ਮੈਜਿਸਟ੍ਰੇਟ ਤੋਂ ਕਰਵਾਉਣ ਉਪਰੰਤ ਮੰਨੀ ਜਾਵੇਗੀ। ਜੇਕਰ ਤਸਦੀਕੀ ਉਪਰੰਤ ਕਰਮਚਾਰੀ/ਕਰਮਚਾਰਨ ਦੇ ਵਿਰੁੱਧ ਚਾਲ ਚੱਲਣ ਸਬੰਧੀ ਕੋਈ ਸ਼ਿਕਾਇਤ ਧਿਆਨ ਵਿੱਚ ਆਈ ਤਾਂ ਆਪ ਦੀਆਂ ਸੇਵਾਵਾਂ ਬਿਨ੍ਹਾਂ ਕਿਸੇ ਨੋਟਿਸ ਦੇ ਖਤਮ ਕਰਨ ਦਿਤੀਆਂ ਜਾਣਗੀਆਂ।

5 ਕਰਮਚਾਰੀ/ਕਰਮਚਾਰਨ ਮਾਸਟਰ ਕਾਡਰ ਵਿੱਚ ਸਬੰਧਤ ਵਿਸੇ ਦੀਆਂ ਨਿਰਧਾਰਤ ਅਕਾਦਮਿਕ ਅਤੇ ਪ੍ਰੋਫੈਸਨਲ ਯੋਗਤਾਵਾਂ ਪੂਰੀਆਂ ਕਰਦਾ/ਕਰਦੀ ਹੋਵੇ। ਜੇਕਰ ਕੋਈ ਸਰਟੀਫਿਕੇਟ, ਦਸਤਾਵੇਜ ਜਾਅਲੀ ਪਾਇਆ ਜਾਂਦਾ ਹੈ ਤਾਂ ਕਰਮਚਾਰੀ ਨੂੰ ਬਿਨ੍ਹਾਂ ਕਿਸੇ ਕਾਰਨ ਦੱਸੋ ਨੋਟਿਸ ਦੇ ਸੇਵਾ ਤੋਂ ਬਰਖਾਸਤ ਕਰ ਦਿਤਾ ਜਾਵੇਗਾ।

6 ਕਰਮਚਾਰੀ/ਕਰਮਚਾਰਨ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਐਸ.ਏ.ਐਸ ਨਗਰ ਦੁਆਰਾ ਸੌਂਪੀ ਗਈ ਕੋਈ ਵੀ ਜਿਮੇਂਵਾਰੀ ਜਿਸ ਵਿੱਚ ਇਨਵਿਜੀਲੇਟਰ, ਸੁਪਰਵਾਈਜਰ, ਸੁਪਰਡੰਟ, ਸਬ ਐਗਜਾਮੀਨਰ, ਹੈਡ ਐਗਜਾਮੀਨਰ ਜਾਂ ਸਕੂਲ ਦੇ ਕੰਟਰੋਲਰ ਵੱਜੋਂ ਦਿੱਤੀ ਗਈ ਜਿਮੇਂਵਾਰੀ ਹੋਰ ਸਕੂਲ ਦੀਆਂ ਜਿਮੇਂਵਾਰੀਆਂ ਦੇ ਇੱਕ ਹਿੱਸੇ ਵੱਜੋ ਨਿਭਾਉਣੀ ਪਵੇਗੀ।

7 ਕਰਮਚਾਰੀ/ਕਰਮਚਾਰਨ ਨੂੰ ਨਿਯੁੱਕਤੀ ਵਾਲੀ ਥਾਂ ਤੇ ਹਾਜਰ ਹੋਣ ਲਈ ਕੋਈ ਟੀ.ਏ/ਡੀ.ਏ ਨਹੀਂ ਦਿਤਾ ਜਾਵੇਗਾ।

8 ਕਰਮਚਾਰੀ/ਕਰਮਚਾਰਨ ਪਹਿਲਾਂ ਪ੍ਰਵਾਨਗੀ ਲਏ ਬਿਨ੍ਹਾਂ ਕਿਸੇ ਪ੍ਰਕਾਰ ਦੀ ਉਚੇਰੀ ਸਿੱਖਿਆ ਹਾਸਲ ਨਹੀਂ ਕਰੇਗਾ/ਕਰੇਗੀ।

9 ਇਹ ਨਿਯੁਕਤੀ ਦੋ ਸਾਲਾਂ ਲਈ ਪਰਖ ਸਮੇਂ ਲਈ ਪ੍ਰੋਬੇਸ਼ਨਰੀ ਹੋਵੇਗੀ। ਇਸ ਸਮੇਂ ਦੌਰਾਨ ਜੇਕਰ ਉਸ ਦਾ ਕੰਮ ਅਤੇ ਆਚਰਣ ਤਸੱਲੀਬਖਸ ਨਾ ਪਇਆ ਗਿਆ ਤਾਂ ਬਿਨ੍ਹਾਂ ਨੋਟਿਸ ਦਿਤੇ ਨੋਕਰੀ ਤੋਂ ਕੱਢ ਦਿੱਤਾ ਜਾਵੇਗਾ।

10 ਸਰਕਾਰ ਵੱਲੋ ਜਾਰੀ ਕੀਤੀ ਨੋਟੀਫਿਕੇਸਨ ਨੰ: 11/9402-4ਪੀ.ਪੀ 2/650 ਮਿਤੀ 12-01-2004 ਅਨੁਸਾਰ ਸਬੰਧਤ ਉਮੀਦਵਾਰ ਤੇ ਨਿਊ ਕੰਟਰੀਬਿਊਟਰੀ ਪੈਨਸਨ ਸਕੀਮ ਲਾਗੂ ਹੋਵੇਗੀ।

11 ਕਰਮਚਾਰੀ/ਕਰਮਚਾਰਨ ਨੂੰ ਠੇਕੇ ਦੇ ਅਧਾਰ ਤੇ ਕੀਤੀ ਗਈ ਨੌਕਰੀ ਦਾ ਕੋਈ ਲਾਭ ਨਹੀਂ ਮਿਲੇਗਾ ਸਗੋਂ ਉਸਦੀ ਉਕਤ ਗ੍ਰੇਡ ਦੇ ਮੁੱਢਲੇ ਪੜਾਅ ਤੇ ਨਵੀਂ ਨਿਯੁੱਕਤੀ ਵਜੋ ਨਿਯੁੱਕਤੀ ਮਿਲੀ ਮੰਨਿਆ ਜਾਵੇਗੀ।

12 ਕਰਮਚਾਰੀ/ਕਰਮਚਾਰਨ ਨੂੰ ਪੰਜਾਬ ਸਰਕਾਰ ਕਰਮਚਾਰੀ ਆਚਰਣ ਨਿਯਮਾਂਵਲੀ 1966 ਅਤੇ ਪੰਜਾਬ ਸਿਵਲ ਸਰਵਿਸਜ (ਦੰਡ ਅਤੇ ਅਪੀਲ) ਰੂਲਜ 1970 ਵਿੱਚ ਦਰਜ ਧਾਰਵਾਂ ਦਾ ਪਾਬੰਦ ਰਹਿਣਾ ਪਵੇਗਾ।

13 ਕਰਮਚਾਰੀ/ਕਰਮਚਾਰਲ ਵੱਲੋ ਜੇਕਰ ਕੋਈ ਪੇਸ਼ ਕੀਤਾ ਦਸਤਾਵੇਜ ਬਾਅਦ ਵਿੱਚ ਗਲਤ/ਜਾਅਲੀ ਪਾਇਆ ਜਾਂਦਾ ਹੈ ਤਾਂ ਕਰਮਚਾਰੀ/ਕਰਮਚਾਰਨ ਨੂੰ ਬਿਨ੍ਹਾਂ ਕਾਰਨ ਦੱਸੋ ਨੋਟਿਸ ਦਿਤੇ ਸੇਵਾ ਤੋਂ ਬਰਖਾਸਤ ਕਰ ਦਿਤਾ ਜਾਵੇਗਾ।

14 ਮਾਨਯੋਗ ਸੁਪਰੀਮ ਕੋਰਟ/ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਪੈਂਡਿੰਗ ਕਿਸੇ ਐਸ.ਐਲ.ਪੀ./ਰਿੱਟ ਪਟੀਸਨਾਂ ਦਾ ਜੋ ਅੰਤਿਮ ਫੈਸਲਾ ਹੋਵੇਗਾ ਇਹਨਾਂ ਕਰਮਚਾਰੀਆਂ ਤੇ ਲਾਗੂ ਹੋਵੇਗਾ।

15 ਆਪ ਦੀ ਸੀਨਿਆਰਤਾ ਮੈਰਿਟ ਲਿਸਟ ਵਿਚ ਰੈਂਕਿੰਗ ਦੇ ਆਧਾਰ ਤੇ ਅਤੇ 1994 ਦੇ ਕਾਮਨ ਸਰਵਿਸ ਰੂਲਜ ਅਨੁਸਾਰ ਫਿਕਸ ਕੀਤੀ ਜਾਵੇਗੀ।

ਸੁਖਜੀਤ ਪਾਲ ਸਿੰਘ, ਪੀ.ਸੀ.ਐਸ.
ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ।

ਪਿੰਠ ਅੰਕਣ ਨੰ: 2/37-2017 ਅਮਲਾ-2(6)/7654-ਹਿੰਦੀ/2018 34680-91 ਮਿਤੀ :- 9-08-2018

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਡਿਪਟੀ ਡਾਇਰੈਕਟਰ (ਭਰਤੀ ਸ਼ਾਖਾ) ਭਰਤੀ ਡਾਇਰੈਕਟੋਰੇਟ ਫੇਜ 3 ਬੀ 1 ਮੋਹਾਲੀ।
2. ਸਹਾਇਕ ਡਾਇਰੈਕਟਰ (ਸ:ਪ੍ਰ:3) (ਅਮਲਾ-3 ਸਾਖਾ) ਨੂੰ ਸੀਨੀਆਰਤਾ ਸਬੰਧੀ ਸੂਚਨਾ ਹਿੱਤ ਜੀ।
3. ਜਿਲਾ ਸਿੱਖਿਆ ਅਫਸਰ(ਸੈਸਿ) ਫਿਰੋਜਪੁਰ, , ਗੁਰਦਾਸਪੁਰ, ਬਠਿੰਡਾ, ਸੰਗਰੂਰ, ਮੋਗਾ, ਪਟਿਆਲਾ, ਅੰਮ੍ਰਿਤਸਰ, ਸ੍ਰੀ ਮੁਕਤਸਰ ਸਾਹਿਬ ਪਠਾਨਕੋਟ, ਸ:ਅ:ਸ: ਨਗਰ, ਕਪੂਰਥਲਾ ਅਤੇ ਫਰੀਦਕੋਟ ਨੂੰ ਉਪਰੋਕਤ ਦਾ ਉਤਾਰਾ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀਆਂ ਨੂੰ ਆਪਣੇ ਪੱਧਰ ਤੇ ਹੁਕਮ ਪਿੱਠ ਅੰਕਿਤ ਕਰਦੇ ਹੋਏ ਸੂਚਿਤ ਕੀਤਾ ਜਾਵੇ ਅਤੇ ਹੇਠ ਅਨੁਸਾਰ ਦਫਤਰੀ ਰਿਕਾਰਡ ਮੁਕੰਮਲ ਕਰਵਾਇਆ ਜਾਵੇ:-
    i. ਕਰਮਚਾਰਨ ਦੀ ਵਿਦਿਅਕ ਯੋਗਤਾ ਦੇ ਸਰਟੀਫਿਕੇਟ ਸਬੰਧਤ ਸੰਸਥਾ/ਯੁਨੀਵਰਸਿਟੀ ਤੋਂ ਆਪਣੇ ਪੱਧਰ ਤੇ ਵੈਰੀਫਾਈ ਕਰਵਾ ਲਏ ਜਾਣ ਜੀ।
    ii. ਉਕਤ ਪੱਤਰ ਦਾ ਉਤਾਰਾ ਸਬੰਧਤ ਸਿਵਲ ਸਰਜ਼ਨ ਨੂੰ ਪਿੱਠ ਅੰਕਿਤ ਕਰਦੇ ਹੋਏ ਉਮੀਦਵਾਰ ਦਾ ਮੈਡੀਕਲ ਫਿਟਨੈਸ ਚੈਕ ਕਰਵਾ ਲਿਆ ਜਾਵੇ ਜੀ।
    iii. ਉਕਤ ਪੱਤਰ ਦਾ ਉਤਾਰਾ ਸਬੰਧਤ ਜਿਲ੍ਹਾ ਮੈਜਿਸਟ੍ਰੇਟ, ਨੂੰ ਆਪਣੇ ਪੱਧਰ ਤੇ ਪਿੱਠ ਅੰਕਿਤ ਕਰਦੇ ਹੋਏ ਕਰਮਚਾਰੀਆਂ ਦੇ ਪੂਰੇ ਵੇਰਵੇ ਅਤੇ ਮੌਜੂਦਾ ਪਤੇ ਸਮੇਤ ਸੂਚਨਾ ਭੇਜਦੇ ਹੋਏ ਕਰਮਚਾਰੀਆਂ ਦੇ ਪੂਰਵ-ਵਿਹਾਰ ਸਬੰਧੀ ਵੈਰੀਫਿਕੇਸ਼ਨ ਕਰਵਾ ਲਈ ਜਾਵੇ ਜੀ।
    iv. ਕਰਮਚਾਰੀ ਵੱਲੋਂ ਇਸ ਸਮੇਂ ਦੌਰਾਨ ਕੋਈ ਬਿਨ੍ਹਾਂ ਤਨਖਾਹ ਛੁੱਟੀ ਨਾ ਲਈ ਹੋਵੇ ਜੀ।

ਸਹਾਇਕ ਡਾਇਰੈਕਟਰ (ਸ:ਪ੍ਰ:2)